ਇਸ ਚਿੱਠੀ ਨੂੰ ਪੰਜਾਬੀ ਵਿੱਚ ਸੁਣਨ ਲਈ ਜਾਂ ਜਾਣਕਾਰੀ ਨੂੰ ਕਿਸੇ ਵੱਖਰੀ ਭਾਸ਼ਾ ਜਾਂ ਫਾਰਮੈਟ ਵਿੱਚ ਦੇਖਣ ਲਈ - ਕਿਰਪਾ ਕਰਕੇ ਆਪਣੇ ਮੋਬਾਈਲ ਉਪਕਰਣ 'ਤੇ ਕੈਮਰੇ ਨਾਲ ਕਿਉ.ਆਰ. ਕੋਡ ਨੂੰ ਸਕੈਨ ਕਰੋ:

ਜਾਂ ਇਸ ਲਿੰਕ ਦੀ ਵਰਤੋਂ ਕਰੋ:
Cervical screening - Leeds Health and Care Partnership

ਅਸੀਂ ਤੁਹਾਨੂੰ ਇਹ ਯਾਦ ਦੁਆਉਣਾ ਚਾਹਾਂਗੇ ਕਿ ਤੁਹਾਡਾ ਸਰਵਾਈਕਲ (ਬੱਚੇਦਾਨੀ ਦਾ ਮੂੰਹ) ਸਕ੍ਰੀਨਿੰਗ ਟੈਸਟ (ਸਮੀਅਰ ਟੈਸਟ) ਹੋਣ ਵਾਲਾ ਹੈ। ਤੁਹਾਡੀ ਸਕ੍ਰੀਨਿੰਗ ਅਪੌਇੰਟਮੈਂਟ ਤੁਹਾਡੀ ਸਿਹਤ ਲਈ ਸੱਚਮੁੱਚ ਬਹੁਤ ਮਹੱਤਵਪੂਰਨ ਹੈ ਅਤੇ ਇਹ ਮੁਫ਼ਤ ਹੁੰਦਾ ਹੈ।

ਸਰਵਾਈਕਲ ਸਕ੍ਰੀਨਿੰਗ ਕੈਂਸਰ ਲਈ ਟੈਸਟ ਨਹੀਂ ਹੈ। ਇਹ ਬੱਚੇਦਾਨੀ ਦੇ ਮੂੰਹ ਵਿੱਚ ਐੱਚ.ਪੀ.ਵੀ (ਹਿਊਮਨ ਪਾਪੀਲੋਮਾਵਾਇਰਸ) ਲਈ ਟੈਸਟ ਹੈ ਜਿਸ ਦਾ ਜੇਕਰ ਇਲਾਜ ਨਾ ਕੀਤਾ ਜਾਵੇ ਤਾਂ ਉਹ ਕੈਂਸਰ ਵਿੱਚ ਤਬਦੀਲ ਹੋ ਸਕਦਾ ਹੈ। ਭਾਵੇਂ ਤੁਸੀਂ ਐੱਚ.ਪੀ.ਵੀ. ਦਾ ਟੀਕਾ ਲਗਵਾਇਆ ਹੈ, ਪਰ ਫਿਰ ਵੀ ਆਪਣੀ ਸਰਵਾਈਕਲ ਸਕ੍ਰੀਨਿੰਗ ਦੀ ਅਪੌਇੰਟਮੈਂਟ ਵਿੱਚ ਹਾਜ਼ਰ ਹੋ ਕੇ ਸਰਵਾਈਕਲ ਕੈਂਸਰ ਤੋਂ ਆਪਣੇ ਆਪ ਨੂੰ ਬਚਾਉਣਾ ਮਹੱਤਵਪੂਰਨ ਹੈ।

ਅਸੀਂ ਤੁਹਾਨੂੰ ਭਰੋਸਾ ਦੁਆਉਣਾ ਚਾਹੁੰਦੇ ਹਾਂ ਕਿ ਇਹ ਇੱਕ ਰੁਟੀਨ ਟੈਸਟ ਹੈ ਜੋ ਯੂ.ਕੇ. ਵਿੱਚ ਹਰ ਸਾਲ ਹਜ਼ਾਰਾਂ ਜ਼ਿੰਦਗੀਆਂ ਬਚਾਉਣ ਵਿੱਚ ਮਦਦ ਕਰਦਾ ਹੈ।

ਇਹ ਟੈਸਟ ਪ੍ਰੈਕਟਿਸ ਨਰਸ ਵੱਲੋਂ ਕੀਤਾ ਜਾਵੇਗਾ ਜੋ ਤੁਹਾਡੇ ਨਾਲ ਟੈਸਟ ਦੇ ਹਰੇਕ ਕਦਮ ਅਤੇ ਤੁਹਾਡੇ ਕਿਸੇ ਵੀ ਪ੍ਰਸ਼ਨਾਂ ਬਾਰੇ ਵਿਸਥਾਰ ਵਿੱਚ ਵਿਚਾਰ-ਚਰਚਾ ਕਰੇਗੀ। ਜੇਕਰ ਤੁਸੀਂ ਚਾਹੁੰਦੇ ਹੋ ਤਾਂ ਤੁਸੀਂ ਅਪੌਇੰਟਮੈਂਟ 'ਤੇ ਕਿਸੇ ਨੂੰ ਆਪਣੇ ਨਾਲ ਲਿਆ ਸਕਦੇ ਹੋ। ਤੁਹਾਡੇ ਨਤੀਜੇ ਚਿੱਠੀ ਰਾਹੀਂ ਅਤੇ ਐੱਨ.ਐੱਚ.ਐੱਸ. ਐਪ ਰਾਹੀਂ ਤੁਹਾਡੇ ਘਰ ਭੇਜੇ ਜਾਣਗੇ ਅਤੇ ਇਹ ਪੂਰੀ ਤਰ੍ਹਾਂ ਗੁਪਤ ਹੁੰਦੇ ਹਨ।

ਅਪੌਇੰਟਮੈਂਟਾਂ ਦੀ ਪਹਿਲਾਂ ਬੁਕਿੰਗ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਆਪਣੀ ਸਹੂਲੀਅਤ ਅਨੁਸਾਰ ਸਮੇਂ ਦੀ ਬੁਕਿੰਗ ਕਰਨ ਲਈ ਆਪਣੀ ਪ੍ਰੈਕਟਿਸ ਨਾਲ ਸੰਪਰਕ ਕਰੋ। ਜੇਕਰ ਤੁਹਾਨੂੰ ਟੈਸਟ ਵਿੱਚ ਸ਼ਾਮਲ ਹੋਣ ਸਬੰਧੀ ਕੋਈ ਚਿੰਤਾਵਾਂ ਹਨ ਜਾਂ ਇਸ ਵਾਸਤੇ ਆਉਣ ਲਈ ਆਪਣੀ ਮਦਦ ਲਈ ਖਾਸ ਬੇਨਤੀਆਂ ਕਰਨੀਆਂ ਹਨ ਤਾਂ ਕਿਰਪਾ ਕਰਕੇ ਬੁਕਿੰਗ ਦੇ ਸਮੇਂ ਸਾਨੂੰ ਇਨ੍ਹਾਂ ਬਾਰੇ ਦੱਸੋ ਅਤੇ ਅਸੀਂ ਇਨ੍ਹਾਂ ਨੂੰ ਪੂਰਾ ਕਰਨ ਲਈ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਾਂਗੇ।

ਤੁਹਾਡੀ ਸਿਹਤ ਸਾਡੇ ਲਈ ਮਹੱਤਵਪੂਰਨ ਹੈ – ਇਕੱਠੇ ਮਿਲ ਕੇ ਅਸੀਂ ਕੈਂਸਰ ਨੂੰ ਸ਼ੁਰੂ ਹੋਣ ਤੋਂ ਪਹਿਲਾਂ ਹੀ ਰੋਕ ਸਕਦੇ ਹਾਂ।

ਟੈਸਟ ਬਾਰੇ ਅਗਲੇਰੀ ਜਾਣਕਾਰੀ ਇੱਥੇ ਐੱਨ.ਐੱਚ.ਐੱਸ. ਦੀ ਵੈੱਬਸਾਈਟ 'ਤੇ ਦੇਖੀ ਜਾ ਸਕਦੀ ਹੈ:
www.nhs.uk/conditions/cervical-screening

ਸਾਨੂੰ ਤੁਹਾਡੇ ਛੇਤੀ ਜਵਾਬ ਦੀ ਉਡੀਕ ਰਹੇਗੀ।